Punjab Government Gazette

Published by Authority

No. 36] CHANDIGARH, FRIDAY, SEPTEMBER 5, 2025 (BHADRA 14, 1947 SAKA)

PART I

Punjab Government Notifications and Orders

ਪੰਜਾਬ ਸਰਕਾਰ

ਮਾਲ ਤੇ ਪੁਨਰਵਾਸ ਵਿਭਾਗ

ਵਿੱਤੀ ਕਮਿਸ਼ਨਰਜ਼ ਸਕੱਤਰੇਤ

(ਪ੍ਰਸ਼ਾਸਨ-1 ਸ਼ਾਖਾ)

ਅਧਿਸੂਚਨਾ

ਮਿਤੀ 15 ਮਈ, 2024

ਨੰ:14-ਚ(101)2001-1.ਪ੍ਰ.1/6325.- ਸ਼੍ਰੀ ਰੋਹਿਤ ਕਾਗੜਾ, ਸੁਪਰਡੰਟ ਗਰੇਡ-1, ਵਿੱਤੀ ਕਮਿਸ਼ਨਰਜ ਸਕੱਤਰੇਤ, ਪੰਜਾਬ ਨੇ ਆਪਣੀ ਪ੍ਰਤੀਬੇਨਤੀ ਮਿਤੀ 07.02.2024 ਰਾਹੀਂ ਬੇਨਤੀ ਕੀਤੀ ਸੀ ਕਿ ਉਨ੍ਹਾਂ ਨੂੰ ਕੁਝ ਘਰੇਲੂ ਮਜਬੁਰੀਆਂ/ਜਿੰਮੇਵਾਰੀਆਂ ਕਾਰਨ ਹੁਣ ਸਰਕਾਰੀ ਸੇਵਾ ਕਰਨ ਵਿੱਚ ਅਸਮਰੱਥ ਹੈ।ਇਸ ਲਈ ਉਨ੍ਹਾਂ ਨੇ ਸਵੈਂ-ਇੱਛੁਤ ਰਿਟਾਇਰਮੈਂਟ ਲੈਣ ਲਈ ਮਿਤੀ 07.02.2024 ਨੂੰ ਤਿੰਨ ਮਹੀਨੇ ਦਾ ਨੋਟਿਸ ਦਿੱਤਾ ਸੀ।

2. ਸ਼੍ਰੀ ਰੋਹਿਤ ਕਾਗੜਾ,ਸੁਪਰਡੰਟ ਗਰੇਡ-1, ਨੇ ਇਸ ਸਕੱਤਰੇਤ ਵਿੱਚ ਮਿਤੀ 05.04.2001 (ਪੂ.ਦੁ.) ਨੂੰ ਬਤੌਰ ਕਲਰਕ ਸੇਵਾ ਜੁਆਇੰਨ ਕੀਤੀ ਸੀ। ਪੰਜਾਬ ਸਿਵਲ ਸੇਵਾਵਾਂ (ਪ੍ਰੀਮੈਚਿਓਰ ਰਿਟਾਇਰਮੈਂਟ) ਨਿਯਮਾਂਵਲੀ, 1975 ਦੇ ਨਿਯਮ 3 ਦੇ ਸਬ ਨਿਯਮ 3(ਏ) ਅਨੁਸਾਰ ਕੋਈ ਵੀ ਕਰਮਚਾਰੀ ਜਿਸ ਦੀ ਸੇਵਾ 20 ਸਾਲ ਦੀ ਪੂਰੀ ਹੋ ਗਈ ਹੋਵੇ ਉਹ ਤਿੰਨ ਮਹੀਨੇ ਦਾ ਨੋਟਿਸ ਦੇ ਕੇ ਸਵੈ-ਇੱਛੁਤ ਸੇਵਾ ਨਿਵਿਰਤੀ ਲੈ ਸਕਦਾ ਹੈ। ਇਸ ਅਧਿਕਾਰੀ ਦੀ ਸਰਕਾਰੀ ਸੇਵਾ 20 ਸਾਲਾਂ ਤੋਂ ਵੱਧ ਹੋ ਚੁੱਕੀ ਹੈ ਅਤੇ ਉਹ ਸਵੈਂ-ਇੱਛੁਤ ਸੇਵਾ ਨਿਵਿਰਤੀ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ।

3. ਸ਼੍ਰੀ ਰੋਹਿਤ ਕਾਗੜਾ, ਸੁਪਰਡੰਟ ਗਰੇਡ-1,ਵਿਰੁੱਧ ਚੌਕਸੀ/ਅਦਾਲਤੀ/ਵਿਭਾਗੀ ਪੜਤਾਲ ਅਤੇ ਸ਼ਿਕਾਇਤ ਆਦਿ ਦਾ ਕੋਈ ਕੇਸ ਲੰਬਿਤ ਨਹੀਂ ਅਤੇ ਨਾ ਹੀ ਇਸ ਅਧਿਕਾਰੀ ਵਿਰੁੱਧ ਕੋਈ ਦੇਣਦਾਰੀ ਬਕਾਇਆ ਹੈ,ਪਰੰਤੂ ਇਸ ਅਧਿਕਾਰੀ ਵੱਲੋਂ ਸਰਕਾਰੀ ਮਕਾਨ ਨੰਬਰ 303, ਸਕੈਟਰ-22, ਚੰਡੀਗੜ੍ਹ ਵਿਖੇ ਰਿਹਾਇਸ ਰੱਖੀ ਹੋਈ ਹੈ।ਇਸ ਲਈ ਸ਼੍ਰੀ ਰੋਹਿਤ ਕਾਗੜਾ, ਸੁਪਰਡੰਟ ਗਰੇਡ-1, ਨੂੰ ਪੰਜਾਬ ਸਿਵਲ ਸੇਵਾਵਾਂ (ਪ੍ਰੀਮੈਚਿਓਰ ਰਿਟਾਇਰਮੈਂਟ) ਨਿਯਮਾਂਵਲੀ, 1975 ਦੇ ਨਿਯਮ 3 ਦੇ ਸਬ ਨਿਯਮ 3(ਏ) ਅਨੁਸਾਰ ਉਨ੍ਹਾਂ ਵੱਲੋਂ ਮਿਤੀ 07.02.2024 ਨੂੰ ਦਿੱਤੇ ਤਿੰਨ ਮਹੀਨੇ ਦੇ ਨੋਟਿਸ ਨੂੰ ਪ੍ਰਵਾਨ ਕਰਦੇ ਹੋਏ ਉਨ੍ਹਾਂ ਨੂੰ ਮਿਤੀ 15.05.2024 (ਬਾਅਦ ਦੁਪਹਿਰ) ਤੋਂ ਸਵੈ-ਇੱਛਤ ਸੇਵਾ ਨਵਿਰਤ ਕੀਤਾ ਜਾਂਦਾ ਹੈ।

ਕੇ.ਏ.ਪੀ. ਸਿਨਹਾ

ਵਿਸ਼ੇਸ਼ ਮੁੱਖ ਸਕੱਤਰ- ਕਮ-

ਵਿੱਤੀ ਕਮਿਸ਼ਨਰ ਮਾਲ, ਪੰਜਾਬ।

3491/9-2025/Pb. Govt. Press, S.A.S. Nagar